ਸਕੂਲ ਸਿੱਖਿਆ ਵਿਭਾਗ, ਪੰਜਾਬ

## ਸਮਾਜਿਕ ਵਿਗਿਆਨ ਦੀ ਰੋਜਾਨਾ ਖੁਰਾਕ

# ਪ੍ਰਾਚੀਨ ਇਤਿਹਾਸ ਦਾ ਅਧਿਐਨ - ਸ੍ਰੋਤ



1. ਇਤਿਹਾਸ ਅਤੀਤ ਦਾ ਅਧਿਐਨ ਹੈ। ਇਹ ਸਾਨੂੰ ਦੱਸਦਾ ਹੈ ਕਿ ਸ਼ੁਰੂ ਵਿੱਚ ਮਨੁੱਖ ਕਿਵੇਂ ਰਹਿੰਦਾ ਸੀ ਅਤੇ ਕਿਵੇਂ ਸਮੇਂ ਦੇ ਨਾਲ-ਨਾਲ ਸੱਭਿਆਤਾਵਾਂ ਦਾ ਵਿਕਾਸ ਹੋਇਆ।
2. ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਮਿਲਦਾ ਹੈ, ਉਸ ਨੂੰ ਇਤਿਹਾਸ ਕਹਿੰਦੇ ਹਨ।
3. ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀਂ ਮਿਲਦਾ ਉਸ ਨੂੰ ਪੂਰਵ ਇਤਿਹਾਸ ਕਿਹਾ ਜਾਂਦਾ ਹੈ।
4. ਸ਼ੁਰੂ ਵਿੱਚ ਮਨੁੱਖ ਗੁਫਾਵਾਂ ਵਿੱਚ ਜਾਨਵਰਾਂ ਦੀ ਤਰਾਂ ਰਿਹੰਦਾ ਸੀ ਅਤੇ ਜੋ ਕੁੱਝ ਵੀ ਕੁਦਰਤੀ ਤੌਰ ਤੇ ਰੁੱਖਾਂ ਤੋਂ ਪੈਦਾ ਹੁੰਦਾ ਸੀ ਜਾਂ ਜਾਨਵਰਾਂ ਨੂੰ ਮਾਰ ਕੇ ਕੱਚਾ ਮਾਸ ਖਾ ਲੈਂਦਾ ਸੀ।
5. ਬਹੁਤ ਸਾਰੀਆਂ ਧਾਰਮਿਕ ਪੁਸਤਕਾਂ ਜਿਵੇਂ ਕਿ ਵੇਦ, ਬ੍ਰਾਹਮਣ ਗ੍ਰੰਥ, ਅਰਣਯਕ, ਉਪਨਿਸ਼ਦ, ਸੂਤਰ, ਮਹਾਂਕਾਵਿ-ਰਮਾਇਣ, ਮਹਾਂਭਾਰਤ ਅਤੇ ਪੁਰਾਣ ਨੂੰ ਸਾਹਿੱਤਕ ਸ੍ਰੋਤ ਕਿਹਾ ਜਾਂਦਾ ਹੈ।



6. ਪੁਰਾਤੱਤਵ ਸ੍ਰੋਤਾਂ ਵਿੱਚ ਪੁਰਾਤਨ ਇਮਾਰਤਾਂ, ਬਰਤਨ, ਰੋਜਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ, ਸਿੱਕੇ ਅਤੇ ਪ੍ਰਾਚੀਨ ਅਭਿਲੇਖ ਸ਼ਾਮਿਲ ਹਨ।
7. ਪੱਥਰ ਦੇ ਸਤੰਬ, ਚਟਾਨਾਂ ਅਤੇ ਤਾਂਬੇ ਦੀਆਂ ਪਲੇਟਾਂ, ਮਿੱਟੀ ਦੀਆਂ ਤੱਖਤੀਆਂ ਅਤੇ ਮੰਦਰਾਂ ਦੀਆਂ ਦਿਵਾਰਾਂ ਉਤੇ ਲਿਖੇ ਸ਼ਿਲਾਲੇਖ ਇਤਿਹਾਸ ਦੇ ਮਹੱਤਵਪੂਰਨ ਸ੍ਰੋਤ ਹਨ।
8. ਸ਼ਿਲਾਲੇਖਾਂ ਦੇ ਅਧਿਐਨ ਨੂੰ ਪੁਰਾਲੇਖ ਕਿਹਾ ਜਾਂਦਾ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1 ਤੋਂ 15 ਸ਼ਬਦਾਂ ਵਿੱਚ ਦਿਉ:

1. ਪੂਰਵ ਇਤਿਹਾਸ ਅਤੇ ਇਤਿਹਾਸ ਤੋਂ ਕੀ ਭਾਵ ਹੈ?
2. ਇਤਿਹਾਸ ਦੇ ਪੁਰਾਤੱਤਵ ਸ੍ਰੋਤਾਂ ਤੋਂ ਕੀ  ਭਾਵ ਹੈ/
3. ਵੈਦਿਕ ਸਾਹਿਤ ਦੇ ਕਿਹੜੇ-ਕਿਹੜੇ ਗ੍ਰੰਥ ਮਿਲਦੇ ਹਨ?

ਹੇਠ ਲਿਖੇ ਖਾਲੀ ਸਥਾਨ ਭਰੋ:

1. ਕੁੱਟਿਲਿਆ ਦੁਆਰਾ __________ ਨਾਂ ਦੀ ਪੁਸਤਕ ਲਿਖੀ ਗਈ।
2. ਇਤਿਹਾਸ __________ ਦਾ ਅਧਿਐਨ ਹੈ।
3. ਇਤਿਹਾਸ __________ ਲਈ ਅਤੀਤ ਦਾ ਅਧਿਐਨ ਹੈ।

ਸਹੀ ਜਾਂ ਗਲਤ ਦੱਸੋ:

1. ਸਿੱਕੇ ਇਤਿਹਾਸ ਦਾ ਸ੍ਰੋਤ ਨਹੀਂ ਹਨ। (ਸਹੀ/ਗਲਤ)
2. ਮਨੂੰਸਮ੍ਰਿਤੀ ਧਰਮ ਸ਼ਾਸ਼ਤਰ ਗ੍ਰੰਥ ਹੈ। (ਸਹੀ/ਗਲਤ)
3. ਇਤਿਹਾਸ ਅਤੀਤ ਦਾ ਅਧਿਐਨ ਹੈ। (ਸਹੀ/ਗਲਤ)